# ਕੋਵਿਡ-19 ਲਈ ਉਪਯੋਗੀ ਸਾਧਨ

ਕੋਵਿਡ -19 ਬਾਰੇ ਬਹੁਤ ਸਾਰੀ ਜਾਣਕਾਰੀ ਹੈ। ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਸਿਹਤ ਸੰਬੰਧੀ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਨ ਲਈ ਹੈਲਥਲਿੰਕਬੀਸੀ **8-1-1** 'ਤੇ ਸਾਡੇ ਦੁਆਰਾ ਉਪਯੋਗ ਕੀਤੀ ਜਾਣ ਵਾਲੀ ਉਪਯੋਗੀ, ਭਰੋਸੇਯੋਗ ਸਰੋਤਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ। ਜੇ ਤੁਹਾਨੂੰ ਔਨਲਾਈਨ ਜਾਂ ਸੋਸ਼ਲ ਮੀਡੀਆ 'ਤੇ ਅਜਿਹੀ ਜਾਣਕਾਰੀ ਮਿਲਦੀ ਹੈ ਜਿਸ ਬਾਰੇ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਸੀਂ ਭਰੋਸਾ ਕਰ ਸਕਦੇ ਹੋ, ਤਾਂ ਸਾਨੂੰ **8-1-1** 'ਤੇ ਕਾਲ ਕਰੋ ਅਤੇ ਅਸੀਂ ਮਦਦ ਕਰ ਸਕਦੇ ਹਾਂ।

## ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ (BC Centre for Disease Control)

ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀਸੀਸੀਡੀਸੀ) ਕੋਵਿਡ-19 ਬਾਰੇ ਜਾਣਕਾਰੀ ਦਾ ਸੂਬਾਈ ਸਰੋਤ ਹੈ।

ਬੀਸੀਸੀਡੀਸੀ (BCCDC) ਸਿਹਤ ਸੰਬੰਧੀ ਪ੍ਰਚਾਰ ਅਤੇ ਰੋਕਥਾਮ ਸੇਵਾਵਾਂ, ਅਤੇ ਡਾਇਗਨੌਸਟਿਕ ਅਤੇ ਇਲਾਜ ਸੇਵਾਵਾਂ ਮੁਹੱਈਆ ਕਰਦਾ ਹੈ। ਉਹ ਸੰਚਾਰਯੋਗ ਅਤੇ ਚਿਰਕਾਲੀ ਬੀਮਾਰੀ, ਰੋਕੀ ਜਾਣ ਵਾਲੀ ਸੱਟ ਅਤੇ ਵਾਤਾਵਰਨ ਸੰਬੰਧੀ ਸਿਹਤ ਜੋਖਮਾਂ ਨੂੰ ਘਟਾਉਣ ਵਾਸਤੇ ਕੰਮ ਕਰਦੇ ਹਨ। ਬੀਸੀਸੀਡੀਸੀ ਸਰਕਾਰੀ ਅਤੇ ਸਿਹਤ ਅਥਾਰਿਟੀਆਂ ਨੂੰ ਵਿਸ਼ਲੇਸ਼ਣ ਅਤੇ ਨੀਤੀ ਸੰਬੰਧੀ ਸਹਾਰਾ ਵੀ ਪ੍ਰਦਾਨ ਕਰਦਾ ਹੈ।

ਜਨਤਾ ਅਤੇ ਸਿਹਤ ਦੇਖਭਾਲ ਪੇਸ਼ੇਵਰਾਂ ਲਈ ਕੋਵਿਡ-19 ਬਾਰੇ ਸਿਹਤ ਜਾਣਕਾਰੀ ਲੱਭਣ ਲਈ, ਅਤੇ ਕੋਵਿਡ-19 ਟੈਸਟਿੰਗ ਲਈ ਸਵੈ-ਮੁਲਾਂਕਣ ਸਾਧਨ ਦੀ ਵਰਤੋਂ ਕਰਨ ਲਈ, ਬੀਸੀਸੀਡੀਸੀ ਦੀ ਵੈਬਸਾਈਟ 'ਤੇ ਜਾਓ।

- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਕੋਵਿਡ-19 ਕਮਿਊਨਿਟੀ ਸੈਟਿੰਗਜ਼
- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਕੋਵਿਡ-19 ਡੇਟਾ
- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਕੋਵਿਡ-19
- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਕੋਵਿਡ-19 ਦੇਖਭਾਲ
- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਟੈਸਟਿੰਗ ਲਈ ਕੋਵਿਡ-19 ਸਵੈ-ਮੁਲਾਂਕਣ

## ਬੀਸੀ ਸਰਕਾਰ, ਕੋਵਿਡ-19 ਲਈ ਸੂਬਾਈ ਸਹਾਰੇ

ਬੀ.ਸੀ. ਪ੍ਰਾਂਤ ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਕਦਮ ਚੁੱਕ ਰਿਹਾ ਹੈ। ਇਨ੍ਹਾਂ ਅਪੂਰਵ ਸਮਿਆਂ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਸਹਾਇਤਾ ਕਰਨ ਲਈ ਬਹੁਤ ਸਾਰੇ ਪ੍ਰੋਗਰਾਮ ਸਥਾਪਿਤ ਹਨ। ਬੀ.ਸੀ. ਸਰਕਾਰ ਤੋਂ ਜ਼ਰੂਰੀ ਸੇਵਾਵਾਂ, ਖ਼ਬਰਾਂ ਅਤੇ ਅਪਡੇਟਾਂ, ਸਿੱਖਿਆ, ਬਾਲ ਦੇਖਭਾਲ, ਕਾਰੋਬਾਰ, ਯਾਤਰਾ, ਰਿਹਾਇਸ਼ ਅਤੇ ਮਹੀਨਾਵਾਰ ਬਿੱਲਾਂ, ਘਟਾਈਆਂ ਗਈਆਂ ਸੇਵਾਵਾਂ ਅਤੇ ਹੋਰ ਬਹੁਤ ਕੁਝ ਬਾਰੇ ਜਾਣਕਾਰੀ ਲਈ, ਬੀ.ਸੀ. ਸਰਕਾਰ: ਕੋਵਿਡ-19 ਪ੍ਰਤੀ ਬੀ.ਸੀ. ਦਾ ਜਵਾਬ ਵੇਖੋ।

## ਬੀ.ਸੀ. ਦੇ ਸੂਬੇ ਤੋਂ ਕੋਵਿਡ-19 ਅੱਪਡੇਟ

ਸੂਬਾਈ ਸਿਹਤ ਅਧਿਕਾਰੀ ਡਾ. ਬੋਨੀ ਹੈਨਰੀ ਅਤੇ ਸਿਹਤ ਮੰਤਰੀ, ਏਡਰੀਅਨ ਡਿਕਸ, ਕੋਵਿਡ-19 ਪ੍ਰਤੀ ਸੂਬੇ ਦੇ ਜਵਾਬ 'ਤੇ ਹਫਤਾਵਾਰੀ ਬ੍ਰੀਫਿੰਗਾਂ ਪ੍ਰਦਾਨ ਕਰਦੇ ਹਨ। ਆਪਣੇ ਪਸੰਦੀਦਾ ਨਿਊਜ਼ ਚੈਨਲ ਜਾਂ ਬੀ.ਸੀ. ਦੇ ਪ੍ਰਾਂਤ ਦੇ ਫੇਸਬੁੱਕ ਜਾਂ ਯੂਟਿਊਬ ਚੈਨਲ 'ਤੇ ਦੇਖੋ, ਜਾਂ ਬੀ.ਸੀ. ਗੌਰਮਿੰਟ ਨਿਊਜ਼ ਅੱਪਡੇਟਾਂ 'ਤੇ ਜਾਓ।

- ਬੀ.ਸੀ. ਪ੍ਰਾਂਤ, ਬੀ.ਸੀ. ਗੌਰਮਿੰਟ ਨਿਊਜ਼: ਕੋਵਿਡ
- ਬੀ.ਸੀ. ਪ੍ਰਾਂਤ, ਯੂਟਿਊਬ: ਕੋਵਿਡ -19 ਬਾਰੇ ਮਹੱਤਵਪੂਰਣ ਜਾਣਕਾਰੀ
- ਬੀ.ਸੀ. ਸਰਕਾਰ ਦਾ ਫੇਸਬੁੱਕ

## ਰੋਜ਼ਗਾਰਦਾਤਾ ਅਤੇ ਕਾਰੋਬਾਰ

ਮਹਾਂਮਾਰੀ ਦੇ ਦੌਰਾਨ ਜਿੰਨਾ ਸੰਭਵ ਹੋ ਸਕੇ ਸੁਰੱਖਿਅਤ ਅਤੇ ਸੁਭਾਵਿਕ ਰੂਪ ਨਾਲ ਸੰਚਾਲਨ ਦੀਆਂ ਯੋਜਨਾਵਾਂ ਵਿਕਸਤ ਕਰਨ ਬਾਰੇ ਮਾਰਗਦਰਸ਼ਨ ਪ੍ਰਾਪਤ ਕਰੋ। ਵਰਕਸੇਫ ਬੀਸੀ ਕਰਮਚਾਰੀਆਂ ਅਤੇ ਰੋਜ਼ਗਾਰਦਾਤਾਵਾਂ ਦੇ ਨਾਲ ਸਾਂਝੇਦਾਰੀ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਕੰਮ ਵਾਲੀ ਥਾਂ ਦੀ ਸੁਰੱਖਿਆ ਦੀ ਰੱਖਿਆ ਕਰਦਾ ਹੈ। ਕੋਵਿਡ-19 ਬਾਰੇ ਵਧੇਰੇ ਜਾਣਕਾਰੀ ਅਤੇ ਰੋਜ਼ਗਾਰਦਾਤਾਵਾਂ ਅਤੇ ਕਾਰੋਬਾਰਾਂ ਲਈ ਸਾਧਨਾਂ ਲਈ, ਵੇਖੋ:

- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਰੋਜ਼ਗਾਰਦਾਤਾ ਅਤੇ ਕਾਰੋਬਾਰ
- ਵਰਕਸੇਫਬੀਸੀ: ਕੋਵਿਡ-19

## ਹੈਲਥ ਅਥਾਰਟੀਆਂ ਦੀ ਜਾਣਕਾਰੀ

ਆਪਣੀ ਸਥਾਨਕ ਹੈਲਥ ਅਥਾਰਟੀ ਤੋਂ ਕੋਵਿਡ-19 ਬਾਰੇ ਜਾਣਕਾਰੀ ਲਈ, ਵੇਖੋ:

- ਫਸਟ ਨੇਸ਼ਨਜ਼ ਹੈਲਥ ਅਥਾਰਿਟੀ: ਕੋਵਿਡ-19 (ਨਾਵਲ ਕੋਰੋਨਾਵਾਇਰਸ)
- ਫਰੇਜ਼ਰ ਹੈਲਥ: ਕੋਵਿਡ-19
- ਇੰਨਟੀਰੀਅਰ ਹੈਲਥ: ਕੋਵਿਡ-19 ਬਾਰੇ ਉਹ ਜਾਣਕਾਰੀ ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ
- ਆਈਲੈਂਡ ਹੈਲਥ: ਕੋਵਿਡ-19
- ਨੌਰਦਰਨ ਹੈਲਥ: ਕੋਵਿਡ-19 ਜਾਣਕਾਰੀ
- ਵੈਨਕੂਵਰ ਕੋਸਟਲ ਹੈਲਥ: ਕੋਵਿਡ-19

## ਹਸਪਤਾਲਾਂ ਵਿੱਚ ਜਾਣ ਲਈ ਦਿਸ਼ਾ ਨਿਰਦੇਸ਼

ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਹਸਪਤਾਲਾਂ ਨੇ ਉਨ੍ਹਾਂ ਵਿੱਚ ਆਉਣ ਦੇ ਦਿਸ਼ਾ ਨਿਰਦੇਸ਼ਾਂ ਨੂੰ ਬਦਲ ਦਿੱਤਾ ਹੈ ਅਤੇ ਨਵੀਆਂ ਪਾਬੰਦੀਆਂ ਲਗਾਈਆਂ ਹਨ। ਪਾਬੰਦੀਆਂ ਵੱਖ-ਵੱਖ ਹੋ ਸਕਦੀਆਂ ਹਨ ਅਤੇ ਬਦਲ ਸਕਦੀਆਂ ਹਨ। ਫੈਸਿਲਟੀ 'ਤੇ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰੋ ਕਿ ਵਿਜ਼ਿਟ ਕਰਨ ਬਾਰੇ ਨੀਤੀ ਕੀ ਹੈ।

ਆਪਣੇ ਖੇਤਰ ਵਿੱਚ ਵਿਜ਼ਟਰ ਦਿਸ਼ਾ ਨਿਰਦੇਸ਼ਾਂ ਬਾਰੇ ਵਧੇਰੇ ਜਾਣਕਾਰੀ ਲਈ, ਵੇਖੋ:

- ਫਰੇਜ਼ਰ ਹੈਲਥ
- ਇੰਨਟੀਰੀਅਰ ਹੈਲਥ
- ਆਈਲੈਂਡ ਹੈਲਥ
- ਨੌਰਦਰਨ ਹੈਲਥ
- ਵੈਨਕੂਵਰ ਕੋਸਟਲ ਹੈਲਥ

ਹਸਪਤਾਲਾਂ ਵਿੱਚ ਸਰੀਰਕ ਦੂਰੀ ਦੀਆਂ ਜ਼ਰੂਰਤਾਂ ਦੇ ਬਾਵਜੂਦ ਆਪਣੇ ਅਜ਼ੀਜ਼ਾਂ ਦੀ ਦੇਖਭਾਲ ਕਰਨਾ ਅਤੇ ਜੁੜੇ ਰਹਿਣਾ ਅਜੇ ਵੀ ਸੰਭਵ ਹੈ। ਇਹ ਕਿਵੇਂ ਕਰਨਾ ਹੈ ਬਾਰੇ ਕੁਝ ਵਿਚਾਰ ਹਨ:

- ਚੈੱਕ ਇਨ ਕਰਨ ਅਤੇ ਸ਼ੁਭ ਕਾਮਨਾਵਾਂ ਸਾਂਝੀਆਂ ਕਰਨ ਲਈ ਤਕਨਾਲੋਜੀ ਦੀ ਵਰਤੋਂ ਕਰੋ
- ਇੱਕ ਪਰਿਵਾਰਕ ਮੈਂਬਰ ਦੀ ਚੋਣ ਕਰੋ ਜੋ ਮੁੱਖ ਸੰਪਰਕ ਵਿਅਕਤੀ ਹੋਵੇਗਾ ਜੋ ਅਪਡੇਟ ਪ੍ਰਾਪਤ ਕਰਕੇ ਅੱਗੇ ਪਾਸ ਕਰਨ ਲਈ ਹਰ ਰੋਜ਼ ਹਸਪਤਾਲ ਨੂੰ ਕਾਲ ਕਰ ਸਕਦਾ ਹੈ। ਇਹ ਪਤਾ ਲਗਾਉਣ ਲਈ ਹਸਪਤਾਲ ਦੇ ਸਟਾਫ ਨਾਲ ਸੰਪਰਕ ਕਰੋ ਕਿ ਰੋਜ਼ਾਨਾ ਕਾਲ ਕਰਨ ਦਾ ਸਭ ਤੋਂ ਵਧੀਆ ਸਮਾਂ ਕੀ ਹੋਵੇਗਾ
- ਹਸਪਤਾਲ ਦੇ ਸਟਾਫ ਨੂੰ ਪੁੱਛੋ ਕਿ ਕੀ ਤੁਸੀਂ ਆਪਣੇ ਅਜ਼ੀਜ਼ ਲਈ ਕੇਅਰ ਪੈਕੇਜ ਦੇ ਸਕਦੇ ਹੋ ਅਤੇ ਜੇ ਅਜਿਹੀ ਕੋਈ ਚੀਜ਼ ਹੈ ਜਿਸਦੀ ਆਗਿਆ ਨਹੀਂ ਹੈ (ਉਦਾਹਰਣ ਵਜੋਂ, ਪੌਦੇ ਅਤੇ ਫੁੱਲ)

## ਮੈਡੀਕਲ ਸਰਵਿਸਿਜ਼ ਪਲਾਨ (MSP)

ਮੈਡੀਕਲ ਸਰਵਿਸਿਜ਼ ਪਲਾਨ (MSP) ਬ੍ਰਿਟਿਸ਼ ਕੋਲੰਬੀਆ ਦਾ ਸਿਹਤ ਬੀਮਾ ਪ੍ਰੋਗਰਾਮ ਹੈ। ਇਹ ਬੀ.ਸੀ. ਵਸਨੀਕਾਂ ਲਈ ਡਾਕਟਰੀ ਤੌਰ 'ਤੇ ਜ਼ਰੂਰੀ ਹਸਪਤਾਲ ਅਤੇ ਡਾਕਟਰ ਸੇਵਾਵਾਂ ਦੀ ਲਾਗਤ ਨੂੰ ਕਵਰ ਕਰਦਾ ਹੈ। ਇਹ ਪ੍ਰੋਗਰਾਮ ਡਾਕਟਰਾਂ, ਨਰਸ ਪ੍ਰੈਕਟੀਸ਼ਨਰਾਂ, ਅਤੇ ਦਾਈਆਂ ਦੁਆਰਾ ਪ੍ਰਦਾਨ ਕੀਤੀਆਂ ਲੋੜੀਂਦੀਆਂ ਡਾਕਟਰੀ ਸੇਵਾਵਾਂ ਲਈ ਭੁਗਤਾਨ ਕਰਦਾ ਹੈ। ਹੋਰ ਅਦਾਇਗੀ ਵਾਲੀਆਂ ਸੇਵਾਵਾਂ ਵਿੱਚ ਹਸਪਤਾਲ ਵਿੱਚ ਦੰਦਾਂ ਦੀ ਅਤੇ ਮੂੰਹ ਦੀ ਸਰਜਰੀ, ਅਤੇ ਡਾਇਗਨੌਸਟਿਕ ਸੇਵਾਵਾਂ ਸ਼ਾਮਲ ਹਨ

ਜੇਕਰ ਤੁਹਾਡੇ ਕੋਲ ਇੱਕ ਅਸਥਾਈ ਪਰਮਿਟ ਹੈ ਜਿਸਦੀ ਮਿਆਦ ਖਤਮ ਹੋ ਗਈ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਅਸਥਾਈ ਕਵਰੇਜ ਦਿੱਤੀ ਗਈ ਹੋਵੇ। ਇਹ ਅਸਥਾਈ ਕਵਰੇਜ 30 ਅਪ੍ਰੈਲ, 2022 ਨੂੰ ਖਤਮ ਹੋ ਜਾਵੇਗੀ। ਜੇਕਰ ਤੁਹਾਨੂੰ ਪਹਿਲਾਂ ਇੱਕ ਅਸਥਾਈ ਕਵਰੇਜ ਪੱਤਰ ਜਾਰੀ ਕੀਤਾ ਗਿਆ ਸੀ ਜਿਸਦੀ ਮਿਆਦ 31 ਅਕਤੂਬਰ, 2021 ਨੂੰ ਖਤਮ ਹੋ ਗਈ ਸੀ ਅਤੇ ਤੁਸੀਂ ਇੰਪਲਾਈਡ (implied) ਸਥਿਤੀ ਦੇ ਨਾਲ ਬੀ.ਸੀ. ਵਿੱਚ ਰਹੇ, ਤਾਂ ਇਹ ਨਿਰਧਾਰਤ ਕਰਨ ਲਈ ਹੈਲਥ ਇੰਸ਼ੋਰੈਂਸ ਬੀਸੀ ਨਾਲ ਸੰਪਰਕ ਕਰੋ ਕਿ ਕੀ ਤੁਸੀਂ 30 ਅਪ੍ਰੈਲ, 2022 ਤੱਕ ਵੈਧ ਨਵਾਂ ਪੱਤਰ ਪ੍ਰਾਪਤ ਕਰਨ ਦੇ ਯੋਗ ਹੋ।

MSP ਬਾਰੇ ਹੋਰ ਜਾਣਕਾਰੀ ਅਤੇ ਕੋਵਿਡ-19 ਪ੍ਰਤੀ ਇਸਦੇ ਜਵਾਬ ਬਾਰੇ ਹੋਰ ਜਾਣਕਾਰੀ ਲਈ, ਵੇਖੋ:

- ਕਵਰੇਜ ਲਈ ਉਡੀਕ ਦੀ ਮਿਆਦ
- ਕੋਵਿਡ-19 ਪ੍ਰਤੀ MSP ਦਾ ਜਵਾਬ

## ਪੋਸਟ-ਕੋਵਿਡ-19 ਇੰਟਰ ਡਿਸਿਪਲੇਨਰੀ ਕਲੀਨਿਕਲ ਕੇਅਰ ਨੈੱਟਵਰਕ

ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ: ਪੋਸਟ-ਕੋਵਿਡ-19 ਇੰਟਰ ਡਿਸਿਪਲੇਨਰੀ ਕਲੀਨਿਕਲ ਕੇਅਰ ਨੈੱਟਵਰਕ ਦਾ ਉਦੇਸ਼ ਖੋਜ, ਸਿੱਖਿਆ ਅਤੇ ਦੇਖਭਾਲ ਦੁਆਰਾ, ਕੋਵਿਡ-19 ਦੀ ਲਾਗ ਤੋਂ ਬਾਅਦ ਲੰਬੇ ਸਮੇਂ ਤੱਕ ਰਹਿਣ ਵਾਲੇ ਲੱਛਣਾਂ ਤੋਂ ਠੀਕ ਹੋ ਰਹੇ ਲੋਕਾਂ ਲਈ ਸਭ ਤੋਂ ਵਧੀਆ ਸੰਭਵ ਨਤੀਜਿਆਂ ਦਾ ਸਮਰਥਨ ਕਰਨਾ ਹੈ। ਨੈੱਟਵਰਕ ਬੀ.ਸੀ. ਦੀਆਂ ਹੈਲਥ ਅਥਾਰਟੀਆਂ, ਸਿਹਤ ਮੰਤਰਾਲੇ, ਸੂਬੇ ਭਰ ਦੇ ਮਰੀਜ਼ਾਂ ਅਤੇ ਖੋਜ ਸੰਸਥਾਵਾਂ ਵਿਚਕਾਰ ਇੱਕ ਭਾਈਵਾਲੀ ਹੈ ਅਤੇ ਇਹ ਪੇਸ਼ ਕਰਦਾ ਹੈ:

- ਪ੍ਰਭਾਵਿਤ ਲੋਕਾਂ ਦੀ ਉਨ੍ਹਾਂ ਦੀ ਰਿਕਵਰੀ ਵਿੱਚ ਮਦਦ ਕਰਨ ਲਈ ਸਾਧਨ:
    - ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ: ਕੋਵਿਡ ਤੋਂ ਬਾਅਦ ਦੇ ਨਿਰੰਤਰ ਜਾਰੀ ਲੱਛਣਾਂ ਨਾਲ ਰਹਿਣਾ
- ਪ੍ਰਾਇਮਰੀ ਦੇਖਭਾਲ ਪ੍ਰਦਾਤਾਵਾਂ ਲਈ ਸਮਰਥਨ:
    - ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ: ਕੋਵਿਡ ਤੋਂ ਬਅਦ ਰਿਕਵਰੀ ਸੰਬੰਧੀ ਦੇਖਭਾਲ
- ਇੱਕ ਵਰਚੁਅਲ ਇੰਟਰ ਡਿਸਿਪਲੇਨਰੀ ਕਲੀਨਿਕ ਜੋ ਸਾਰੇ ਬੀ.ਸੀ. ਦੀ ਸੇਵਾ ਕਰਦਾ ਹੈ:
    - ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ: ਕੋਵਿਡ ਤੋਂ ਬਾਅਦ ਦੇ ਨਿਰੰਤਰ ਜਾਰੀ ਲੱਛਣਾਂ ਨਾਲ ਰਹਿਣਾ-ਕਲੀਨਿਕਲ ਦੇਖਭਾਲ

## ਪ੍ਰੋਵਿੰਸ਼ੀਅਲ ਹੈਲਥ ਅਫਸਰ ਦੇ ਆਦੇਸ਼

ਪ੍ਰੋਵਿੰਸ਼ੀਅਲ ਹੈਲਥ ਅਫਸਰ ਡਾ. ਬੋਨੀ ਹੈਨਰੀ ਨੇ ਬ੍ਰਿਟਿਸ਼ ਕੋਲੰਬੀਆ ਲਈ ਜਨਤਕ ਸਿਹਤ ਐਮਰਜੈਂਸੀ ਘੋਸ਼ਿਤ ਕੀਤੀ। ਸੂਬਾਈ ਐਮਰਜੈਂਸੀ ਸਥਿਤੀ ਵਿੱਚ, ਸੂਬਾਈ ਸਿਹਤ ਅਧਿਕਾਰੀ ਲੋੜ ਅਨੁਸਾਰ ਆਦੇਸ਼ ਦੇ ਸਕਦਾ ਹੈ। ਇਨ੍ਹਾਂ ਵਿੱਚ ਜਨਤਕ ਇਕੱਠਾਂ, ਨਿੱਜੀ ਸੇਵਾਵਾਂ ਬਾਰੇ ਆਦੇਸ਼, ਖੇਤਰੀ ਸਮਾਗਮਾਂ ਬਾਰੇ ਨੋਟਿਸ, ਪ੍ਰਚੂਨ ਭੋਜਨ ਅਤੇ ਗਰੌਸਰੀ ਦੀਆਂ ਦੁਕਾਨਾਂ ਲਈ ਨੋਟਿਸ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

ਪ੍ਰੋਵਿੰਸ਼ੀਅਲ ਹੈਲਥ ਅਫਸਰ ਤੋਂ ਆਦੇਸ਼ਾਂ, ਨੋਟਿਸਾਂ, ਮਾਰਗਦਰਸ਼ਨ ਅਤੇ ਹੋਰ ਬਹੁਤ ਕੁਝ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਵੇਖੋ:

- ਬੀਸੀ ਸਰਕਾਰ: ਸੂਬੇ ਭਰ ਵਿੱਚ ਪਾਬੰਦੀਆਂ
- ਬੀਸੀ ਸਰਕਾਰ: ਪ੍ਰੋਵਿੰਸ਼ੀਅਲ ਹੈਲਥ ਅਫਸਰ ਦਾ ਦਫਤਰ, ਮੌਜੂਦਾ ਸਿਹਤ ਵਿਸ਼ੇ, ਆਦੇਸ਼, ਨੋਟਿਸ ਅਤੇ ਮਾਰਗਦਰਸ਼ਨ

## ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀਐਚਏਸੀ - PHAC)

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਸਿਹਤ ਦਾ ਪ੍ਰਚਾਰ ਕਰਦੀ ਹੈ, ਚਿਰਕਾਲੀ ਬਿਮਾਰੀਆਂ ਅਤੇ ਸੱਟਾਂ ਅਤੇ ਛੂਤਕਾਰੀ ਬਿਮਾਰੀਆਂ ਨੂੰ ਰੋਕਦੀ ਅਤੇ ਨਿਯੰਤ੍ਰਿਤ ਕਰਦੀ ਹੈ। ਪੀਐਚਏਸੀ ਜਨਤਕ ਸਿਹਤ ਐਮਰਜੈਂਸੀਆਂ ਦਾ ਜਵਾਬ ਦਿੰਦੀ ਹੈ। ਸਫਰ ਸੰਬੰਧੀ ਸਲਾਹਾਂ ਸਮੇਤ COVID-19 ਬਾਰੇ ਹੋਰ ਜਾਣਕਾਰੀ ਲਈ, ਵੇਖੋ:

- ਕੈਨੇਡਾ ਸਰਕਾਰ: ਕੋਰੋਨਾਵਾਇਰਸ ਬਿਮਾਰੀ (ਕੋਵਿਡ-19)

- ਕੈਨੇਡਾ ਸਰਕਾਰ: ਕੋਰੋਨਾਵਾਇਰਸ ਬਿਮਾਰੀ (ਕੋਵਿਡ-19) ਜਾਗਰੂਕਤਾ ਸਰੋਤ
- ਕੈਨੇਡਾ ਸਰਕਾਰ: ਕਰੋਨਾਵਾਇਰਸ ਬਿਮਾਰੀ (ਕੋਵਿਡ-19): ਆਊਟਬ੍ਰੇਕ ਬਾਰੇ ਅਪਡੇਟ
- ਕੈਨੇਡਾ ਸਰਕਾਰ: ਕੋਵਿਡ-19: ਯਾਤਰਾ, ਕੁਆਰੰਟੀਨ ਅਤੇ ਬਾਰਡਰ
- ਕੈਨੇਡਾ ਸਰਕਾਰ: ਯਾਤਰਾ ਸਿਹਤ ਨੋਟਿਸ

## ਟ੍ਰਾਂਸਲਿੰਕ

ਟ੍ਰਾਂਜ਼ਿਟ ਦੀ ਸੁਰੱਖਿਅਤ ਵਰਤੋਂ ਕਰਨ ਬਾਰੇ ਕੁਝ ਸੁਝਾਅ ਪ੍ਰਾਪਤ ਕਰੋ।

- ਟ੍ਰਾਂਸਲਿੰਕ: ਕੋਰੋਨਾਵਾਇਰਸ (COVID-19)

## ਵਰਲਡ ਹੈਲਥ ਓਰਗੇਨਾਈਜ਼ੇਸ਼ਨ (ਡਬਲਿਊਐਚਓ)

ਵਰਲਡ ਹੈਲਥ ਓਰਗੇਨਾਈਜ਼ੇਸ਼ਨ ਸਿਹਤ ਸੰਬੰਧੀ ਵਿਸ਼ਵਵਿਆਪੀ ਮਾਮਲਿਆਂ ਬਾਰੇ ਅਗਵਾਈ ਪ੍ਰਦਾਨ ਕਰਦੀ ਹੈ। ਡਬਲਿਊਐਚਓ ਸਿਹਤ ਸੰਬੰਧੀ ਮਾਮਲਿਆਂ ਜਿਵੇਂ ਕਿ COVID-19, ਦੀ ਨਿਗਰਾਨੀ ਅਤੇ ਮੁਲਾਂਕਣ ਕਰਦੀ ਹੈ, ਮੁਲਕਾਂ ਨੂੰ ਤਕਨੀਕੀ ਸਹਾਇਤਾ ਮੁਹੱਈਆ ਕਰਦੀ ਹੈ ਅਤੇ ਸਿਹਤ ਸੰਬੰਧੀ ਮਿਆਰਾਂ ਤਹਿ ਕਰਦੀ ਹੈ। 2019-nCoV ਬਾਰੇ ਹੋਰ ਜਾਣਕਾਰੀ ਲਈ, ਵੇਖੋ:

- ਡਬਲਿਊਐਚਓ: ਕੋਰੋਨਾਵਾਇਰਸ ਬਿਮਾਰੀ (ਕੋਵਿਡ-19)
- ਡਬਲਿਊਐਚਓ: ਕੋਰੋਨਾਵਾਇਰਸ ਬਿਮਾਰੀ (ਕੋਵਿਡ-19) ਮਹਾਂਮਾਰੀ

ਕੋਵਿਡ-19 ਅਤੇ ਆਪਣੀ, ਆਪਣੇ ਪਰਿਵਾਰ ਅਤੇ ਆਪਣੇ ਭਾਈਚਾਰੇ ਦੀ ਰੱਖਿਆ ਕਿਵੇਂ ਕਰਨੀ ਹੈ ਬਾਰੇ ਹੋਰ ਜਾਣਕਾਰੀ ਲਈ, ਕੋਰੋਨਾਵਾਇਰਸ ਬਿਮਾਰੀ (ਕੋਵਿਡ-19) ਦੇਖੋ।

**ਆਖਰੀ ਵਾਰੀ ਅੱਪਡੇਟ ਕੀਤਾ ਗਿਆ:** 14 ਮਾਰਚ, 2023